# *'ਅਸੀਂ ਇਨਕਲਾਬ ਦੀ ਜੰਗ ਲੜਨੀ ਹੈ'*

ਗੁਰਸ਼ਰਨ ਸਿੰਘ

ਮੈਂ ਦੋ ਗੱਲਾਂ ਈ ਤੁਹਾਡੇ ਨਾਲ ਸਾਂਝੀਆਂ ਕਰਨੀਆਂ ਨੇ। ਸੰਨ 1955 ਦੀ ਗੱਲ ਐ, ਮੈਂ ਉਦੋਂ ਭਾਖੜਾ ਡੈਮ 'ਤੇ ਕੰਮ ਕਰ ਰਿਹਾ ਸਾਂ। ਮੈਂ ਪਹਾੜ ਦੀ ਚੋਟੀ 'ਤੇ ਖੜ੍ਹਾ ਸਾਂ। ਥੱਲੇ ਸਤਲੁਜ ਦਰਿਆ ਠਾਠਾਂ ਮਾਰ ਰਿਹਾ ਸੀ। ਅਸੀਂ ਖੱਬੀ ਅਤੇ ਸੱਜੀ ਟਨਲ ਬਣਾ ਰਹੇ ਸਾਂ। ਉਹਨੂੰ ਕੱਚਾ ਡੈਮ ਕਹਿਣ ਵਾਸਤੇ ਕਿ ਜਿਥੇ ਡੈਮ ਬਣਨੈਂ, ਉਹ ਜਗ੍ਹਾ ਖਾਲੀ ਕੀਤੀ ਜਾਵੇ। ਪਾਣੀ ਜਿਹੜਾ ਹੈ, ਉਸਦਾ ਰੁਖ਼ ਮੋੜਿਆ ਜਾਵੇ ਤਾਂ ***ਉਸ ਵੇਲੇ ਮੈਂ ਆਪਣੇ ਆਪ ਨੂੰ ਸੰਬੋਧਨ ਹੋ ਕੇ ਕਿਹਾ ਸੀ ਕਿ ਅੱਜ ਦੇ ਸਾਇੰਸ ਦੇ ਯੁੱਗ ਦੇ ਵਿਚ ਜੇਕਰ ਅਸੀਂ ਦਰਿਆਵਾਂ ਦੇ ਰੁਖ਼ ਮੋੜ ਸਕਦੇ ਆਂ ਤਾਂ ਜ਼ਿੰਦਗੀ ਦੇ ਰੁਖ਼ ਕਿਉਂ ਨਹੀਂ ਮੋੜ ਸਕਦੇ? ਇਹ ਮੈਂ ਆਪਣੇ ਆਪ ਨੂੰ ਸੰਬੋਧਨ ਹੋ ਕੇ ਕਿਹਾ ਸੀ ਔਰ ਹੁਣ ਮੈਂ ਮਾਣ ਨਾਲ ਕਹਿ ਸਕਦਾਂ, ਨਿਮਾਣੇ ਜਿਹੇ ਮਾਣ ਨਾਲ, ਕਿ ਮੈਂ ਪੂਰੇ ਇਕਵੰਜਾ ਸਾਲ ਇਹ ਬੋਲ ਯਾਦ ਰੱਖੇ ਨੇ। ਜ਼ਿੰਦਗੀ ਦਾ ਰੁਖ਼ ਮੋੜਨਾ ਹੈ।***

ਦੂਸਰੀ ਗੱਲ ਮੈਂ ਤੁਹਾਡੇ ਨਾਲ 2006 ਵਿਚ ਕਰ ਰਿਹਾ ਹਾਂ— ਅੱਜ ਦੇ ਦਿਨ। ਪੰਜਾਬ ਜਾਂ ਹਿੰਦੋਸਤਾਨ ਨੇ ਜੋ ਤਰੱਕੀ ਕਰਨੀ ਸੀ, ਉਹ ਕਰ ਲਈ ਹੈ। ਮੁਢਲੇ ਸਾਲਾਂ ਵਿਚ ਕਹਿੰਦੇ ਸਨ ਕਿ ਅਸੀਂ ਤਰੱਕੀ ਕਰਾਂਗੇ, ਦੇਸ਼ ਦੇ ਲੋਕਾਂ ਦਾ ਕੁਝ ਬਣਾਵਾਂਗੇ। 2006— ਇਕਵੰਜਾ ਸਾਲ ਤੋਂ ਵੱਧ ਸਮਾਂ ਲੰਘ ਗਿਐ। ਇਹਦੇ ਵਿਚ ਦੇਸ਼ ਦਾ ਜੋ ਬਣਨਾ ਸੀ, ਉਹ ਵੀ ਬਣ ਗਿਐ। ਜੋ ਕੁਝ ਹਾਸਲ ਕਰਨਾ ਸੀ, ਉਹ ਵੀ ਹਾਸਲ ਕਰ ਲਿਐ। ਦੁਨੀਆਂ ਦਾ ਸਾਰਿਆਂ ਨਾਲੋਂ ਵੱਡਾ ਡੈਮ ਬਣਾ ਲਿਆ। ਐਟਮ ਬੰਬ ਬਣਾ ਲਿਐ। ਘਰ-ਘਰ ਗੱਡੀਆਂ ਦੌੜ ਰਹੀਆਂ ਨੇ। ਟੈਲੀਵੀਜ਼ਨ ਆ ਗਏ ਨੇ। ਬੋਝਿਆਂ ਦੇ ਵਿਚ ਸਾਡੇ ਮੋਬਾਇਲ ਆ ਗਏ ਨੇ। ਤੇ ਜੋ ਕੁਝ ਅੱਜ ਦੇ ਯੁੱਗ ਦੇ ਵਿਚ ਗਿਣਿਆ ਜਾਂਦੈ, ਵੱਡੇ ਤੋਂ ਵੱਡੇ ਹਸਪਤਾਲ, ਦੁਨੀਆਂ ਦੇ ਵੱਡੇ ਤੋਂ ਵੱਡੇ ਡਾਕਟਰ, ਡਾਕਟਰ ਮਹੰਤਾਂ ਵਰਗੇ, ਡਾਕਟਰ ਦਲਜੀਤ ਸਿੰਘ ਵਰਗੇ ਅੱਖਾਂ ਦੇ ਡਾਕਟਰ - ਦੁਨੀਆਂ ਦੇ ਸਾਰਿਆਂ ਨਾਲੋਂ ਵੱਡੇ ਡਾਕਟਰ ਹੁਣ ਸਾਡੇ ਕੋਲ ਬੈਠੇ ਨੇ। ***ਪਰ ਸਾਰਾ ਕੁਝ ਜੋ ਇਹ ਤਰੱਕੀ ਹੋਈ ਐ ਇਹ ਕੀਹਦੇ ਲਈ ਹੋਈ ਐ? ਸਵਾਲ ਇਥੇ ਖੜ੍ਹੈ ਕਿ ਇਹ ਕੀਹਦੇ ਲਈ ਹੋਈ ਐ? ਹੁਣ ਲੋਕ ਕਹਿਣਾ ਕੋਈ ਠੀਕ ਨਹੀਂ ਐ। ਹਿੰਦੋਸਤਾਨ ਦੋ ਲੋਕਾਂ ਵਿਚ ਵੰਡਿਆ ਗਿਐ। ਇਕ ਖਾਂਦੇ-ਪੀਂਦੇ ਉਤਲੇ ਲੋਕ ਤੇ ਇਕ ਸਾਧਾਰਨ ਲੋਕ। ਇਹ ਜੋ ਕੁਝ ਤਰੱਕੀ ਹੋਈ ਐ, ਇਹ ਸਾਰੀ ਵੱਡੇ ਲੋਕਾਂ ਵਾਸਤੇ ਹੋਈ ਐ।***

ਇਹ ਗੱਲ ਸਮਝ ਲਓ ਤੇ ਇਹ ਜਿਹੜਾ ਨਿਜ਼ਾਮ ਐ, ਇਹ ਲੋਕ-ਦੁਸ਼ਮਣ, ਗ਼ਰੀਬ-ਦੁਸ਼ਮਣ ਸਮਾਜ ਐ। ਇਹਦੇ ਵਿਚ ਜੋ ਵੀ ਤਰੱਕੀ ਹੋਏਗੀ, ਉਹਦਾ ਵੱਡਾ ਹਿੱਸਾ ਜਿਹੜਾ ਇਹ ਵੱਡੇ ਲੋਕ ਲੈ ਜਾਣਗੇ। ਮੈਂ ਚੰਡੀਗੜ੍ਹ ਰਹਿੰਨਾਂ, ਚੰਡੀਗੜ੍ਹ ਵਿਚ ਕੀ ਨਹੀਂ? ਦੁਨੀਆਂ ਦੇ ਵੱਡੇ ਤੋਂ ਵੱਡੇ ਸ਼ਹਿਰ ਵੀ ਦੇਖੇ ਨੇ, ਚੰਡੀਗੜ੍ਹ ਵਿਚ ਕੀ ਨਹੀਂ? ਚੰਡੀਗੜ੍ਹ ਕੋਈ

ਅਮਰੀਕਾ ਦੀ ਰਾਜਧਾਨੀ ਨਹੀਂ, ਤੁਹਾਡੀ ਰਾਜਧਾਨੀ ਐ।

ਚੰਡੀਗੜ੍ਹ ਦੇ ਵਿਚ ਜੋ ਕੁਝ ਬਣਦਾ ਹੈ, ਹੁਣ ਹੋਟਲ ਤਾਜ ਬਣਿਐ—*ਉਹ ਹੋਟਲ ਤਾਜ, ਜਿੰਨੀ ਬਿਜਲੀ ਦੀ ਖਪਤ ਕਰਦੈ, ਉਹ ਪੰਜਾਬ ਦੇ ਦਸ ਪਿੰਡਾਂ ਜਿੰਨੀ ਐ।* ਪੰਜਾਬ ਦੇ ਦਸ ਪਿੰਡਾਂ ਨੂੰ ਜਿੰਨੀ ਬਿਜਲੀ ਮਿਲਣੀ ਐ, ਉਹ ਇਕ ਹੋਟਲ ਖਪਤ ਕਰ ਦਿੰਦੈ। ਤੇ ਉਥੇ ਜਿਹੜੇ ਰਹਿਣ ਵਾਲੇ ਆਂਦੇ ਨੇ, ਉਹਨਾਂ ਲਈ ਪਾਣੀ ਗਰਮ ਹੋਵੇ, ਉਹਨਾਂ ਲਈ ਹਵਾ ਗਰਮ ਹੋਵੇ, ਉਹਨਾਂ ਦੇ ਖਾਣੇ ਗਰਮ ਹੋਣ, ਉਹਨਾਂ ਲਈ ਛੱਤੀ ਪ੍ਰਕਾਰ ਦੇ ਖਾਣੇ ਬਣਨ, ਔਰ ਛੱਤੀ ਪ੍ਰਕਾਰ ਦੇ ਚੁੱਲ੍ਹੇ ਬਣਨ, ਛੱਤੀ ਪ੍ਰਕਾਰ ਦੇ ਉਹ ਸਾਧਨ ਬਣਨ ਕਿ ਜਿਹੜਾ ਟੈਂਪਰੇਚਰ ਐ, ਪੰਜ 'ਤੇ ਰੱਖੀਏ ਤਾਂ ਇਹ ਚੱਲੇਗਾ, ਦਸ 'ਤੇ ਰੱਖੀਏ ਤਾਂ ਇਹ ਚੱਲੇਗਾ, ਵੀਹ 'ਤੇ ਰੱਖੀਏ ਤਾਂ ਇਹ ਚੱਲੇਗਾ। ਉਂਝ ਮੈਂ ਸਾਇੰਸ ਦਾ ਸਾਰਾ ਕੁਝ ਜਾਣਦੈਂ, *ਇਹ ਸਭ ਸਮਝ ਲਓ, ਕਿ ਜੋ ਕੁਝ ਤਰੱਕੀ ਹੋਈ ਐ, ਜਾਂ ਹੋਣੀ ਐ, ਇਹ ਵੱਡੇ ਲੋਕਾਂ ਲਈ ਹੋਣੀ ਐ। ਤੁਹਾਡੇ ਲਈ ਨਹੀਂ ਹੋਣੀ। ਤੁਹਾਡੇ ਕੋਲੋਂ ਖੁੱਸ ਗਿਐ। ਤੁਹਾਡੇ ਕੋਲੋਂ ਤੁਹਾਡੇ ਬੱਚਿਆਂ ਦੀ ਪੜ੍ਹਾਈ ਖੁੱਸ ਗਈ ਐ, ਬਜ਼ੁਰਗਾਂ ਦੀਆਂ ਸਿਹਤ-ਸਹੂਲਤਾਂ ਖੁੱਸ ਗਈਆਂ ਨੇ। ਤੁਹਾਡੇ ਨੌਜੁਆਨਾਂ ਕੋਲੋਂ ਰੁਜ਼ਗਾਰ ਖੁੱਸ ਗਿਐ। ਜੋ ਕੁਝ ਖੁੱਸਣਾ ਸੀ, ਉਹ ਖੁੱਸ ਗਿਐ। ਤੇ ਜਿਹਨਾਂ ਨੇ ਲੈਣਾ ਸੀ ਲੈ ਗਏ।*


ਸੋ ਜੇ ਸਾਧਾਰਨ ਆਦਮੀ ਚਾਹੁੰਦੇ ਨੇ ਕਿ ਨਵੀਂ ਦੁਨੀਆਂ ਬਣੇ, ਨਵਾਂ ਮਾਡਲ ਬਣੇ ਜ਼ਿੰਦਗੀ ਦਾ— ਜਿਥੇ ਸਾਰੇ ਬੱਚੇ ਪੜ੍ਹਨ, ਫੁੱਲਾਂ ਵਾਂਗੂੰ ਖਿੜਨ, ਪਾਰਕਾਂ ਵਿਚ ਖੇਡਣ, ਖੁਸ਼ੀਆਂ ਹੋਣ, ਗੀਤ ਹੋਣ। ਇਹ ਸਾਰਾ ਕੁਝ ਜੇਕਰ ਬਣਨਾ ਹੈ ਤਾਂ ਫਿਰ ਇਸ ਨਿਜ਼ਾਮ ਨੂੰ ਬਦਲਣਾ ਪੈਣਾ ਹੈ। *ਇਕੋ ਈ ਨਾਅਰਾ ਹੈ, ਕਿ ਇਸ ਨਿਜ਼ਾਮ ਨੂੰ, ਜਿਹੜਾ ਗ਼ਰੀਬ-ਦੁਸ਼ਮਣ ਨਿਜ਼ਾਮ ਹੈ, ਇਸ ਨੂੰ ਬਦਲਣਾ ਹੈ। ਸਿਰੇ ਤੋਂ ਬਦਲਣਾ ਹੈ। ਇਹ ਜਿਹੜਾ ਵਿਧਾਨ ਐ, ਭਾਵੇਂ ਇਸ ਵਿਚ ਦੁਨੀਆਂ ਦੀਆਂ ਕਈ ਗੱਲਾਂ ਨੇ, ਪਰ ਸਾਡੇ ਸਾਹਮਣੇ ਐ ਇਕਵੰਜਾ ਸਾਲ ਵਿਚ ਸਾਬਤ ਹੋ ਗਿਐ ਕਿ ਇਹ ਗ਼ਰੀਬ ਲੋਕਾਂ ਦਾ ਕੁਝ ਨਹੀਂ ਬਣਾਏਗਾ। ਜਿਹੜਾ ਅਸੀਂ ਕਹਿੰਨੇ ਆਂ ਨਿਜ਼ਾਮ ਬਦਲਣਾ ਐ, ਸਿਰੇ ਤੋਂ ਬਦਲਣਾ ਐ, ਉਸਦਾ ਨਾਮ ਇਨਕਲਾਬ ਐ। ਇਨਕਲਾਬ ਜ਼ਿੰਦਾਬਾਦ ਕੋਈ ਐਵੇਂ ਈ, ਰਸਮੀ ਜਿਹੀ ਗੱਲ ਨਹੀਂ ਐ। ਇਨਕਲਾਬ! ਇਨਕਲਾਬ!! ਇਨਕਲਾਬ ਦਾ ਮਤਲਬ ਐ ਕਿ ਇਸ ਨਿਜ਼ਾਮ ਨੂੰ ਸਿਰੇ ਤੋਂ ਬਦਲਣਾ ਐ। ਸਿਰੇ ਤੋਂ ਪਲਟਾਣਾ। ਨਿਜ਼ਾਮ ਦੀ ਤਰੱਕੀ ਤਾਂ ਹੋਵੇਗੀ, ਲੋਕਾਂ ਦੀ ਤਰੱਕੀ ਤਾਂ ਹੋਏਗੀ, ਵੱਡਿਆਂ ਕੋਲੋਂ ਖੋਹੋਗੇ ਤੇ ਸਾਧਾਰਨ ਲੋਕਾਂ ਨੂੰ ਦੇਵੋਗੇ। ਪੈਸਾ ਉਤੋਂ ਨਹੀਂ ਡਿੱਗਣਾ। ਪੈਸਾ ਉਤੋਂ ਨਹੀਂ ਡਿੱਗਣਾ। ਪੈਸਾ ਇਥੇ ਈ ਐ ਜੇ ਵੱਡਿਆਂ 'ਤੇ ਲੱਗ ਜਾਏਗਾ ਤਾਂ ਇਹ ਗ਼ਰੀਬਾਂ ਕੋਲੋਂ ਖੁੱਸ ਜਾਏਗਾ, ਸੋ ਇਸ ਕਰਕੇ ਗ਼ਰੀਬਾਂ ਨੂੰ ਜੇ ਦੇਣਾ ਐ ਤਾਂ ਵੱਡਿਆਂ ਕੋਲੋਂ ਖੋਹਣਾ ਪੈਣਾ।* ਖੋਹਣਾ ਪੈਣੈਂ ਦੇ ਵਿਚ ਜਿਹੜਾ ਰਾਈਟ ਆਫ ਪ੍ਰਾਪਰਟੀ ਐ, ਵਿਧਾਨ ਦੀ ਵੱਡੀ ਗੱਲ ਲਿਖੀ ਗਈ ਐ, ਕਿ ਰਾਈਟ ਆਫ ਪ੍ਰਾਪਰਟੀ, ਉਹ ਖ਼ਤਮ ਕਰਨੀ ਪਵੇਗੀ। ਉਹ ਖ਼ਤਮ ਕਰਨੀ ਪਏਗੀ। ਇਹ ਨਹੀਂ ਹੈ ਕਿ ਮਹਾਰਾਜੇ ਪਟਿਆਲੇ ਹੋਰੀਂ, ਇਹਨਾਂ ਦੇ ਦਾਦੇ-ਪੜਦਾਦੇ ਜਿਹੜੇ ਜ਼ਮੀਨਾਂ ਬਣਾ ਗਏ ਨੇ ਉਹਨਾਂ ਦੀਆਂ ਇਹ ਅਯਾਸ਼ੀਆਂ ਕਰੀ ਜਾਣ। ਪਹਿਲੀ ਗੱਲ ਐ, ਰਾਈਟ ਆਫ ਪ੍ਰਾਪਰਟੀ ਖੋਹਣੀ ਪਵੇਗੀ। ਵੱਡੇ ਬੰਦਿਆਂ ਕੋਲੋਂ ਖੋਹਣਾ ਪਵੇਗਾ ਤਾਂ ਈ ਗ਼ਰੀਬ ਆਦਮੀ ਦੀ ਭਲਾਈ ਹੋਵੇਗੀ। *ਔਰ ਮੈਂ ਇਹ*

*ਸਮਝਦਾਂ ਕਿ ਇਹ ਜਿਹੜਾ ਅਹਿਦ ਪੜ੍ਹਿਆ, ਤੁਹਾਡੇ ਹਜ਼ਾਰਾਂ ਲੋਕਾਂ ਦੇ ਵਿਚ, ਇਹ ਅਹਿਦ 'ਤੇ ਅਸੀਂ ਪੂਰਾ ਉੱਤਰਾਂਗੇ। ਇਹ ਸਾਡੀ ਲੜਾਈ ਐ, ਲੜਾਈ ਦਾ ਇਕ ਰੂਪ, ਅਸਲ ਗੱਲ ਸਾਡੀ ਜੰਗ ਐ। ਜੰਗ ਦੀ ਤਿਆਰੀ। ਉਹ ਜੰਗ ਇਨਕਲਾਬ ਦੀ ਜੰਗ ਐ। ਉਹ ਅਸੀਂ ਲੜਨੀ ਐ। ਉਹਦੇ ਬਿਨਾਂ ਕੋਈ ਗੁਜ਼ਾਰਾ ਨਹੀਂ। ਮੇਰਾ ਅੱਜ ਦੇ ਦਿਨ ਇਹੀ ਸੁਨੇਹਾ ਹੈ। ਔਰ ਜ਼ਿੰਦਗੀ ਨੇ ਜਿੰਨੀ ਮੋਹਲਤ ਦਿੱਤੀ ਮੈਂ ਇਹ ਸੁਨੇਹਾ ਤੁਹਾਡੇ ਤੱਕ ਪਹੁੰਚਾਵਾਂਗਾ।* ਮੈਨੂੰ ਥੋੜ੍ਹਾ ਜਿਹਾ ਮਾਣ ਹੈ ਕਿ ਮੈਨੂੰ ਨਾਟਕ ਦਾ ਮੁਹਾਵਰਾ ਪਤਾ ਐ। ਨਾਟਕ ਆਪਣੇ ਆਪ ਵਿਚ ਸਾਹਿਤ ਦਾ ਇਕ ਰੂਪ ਹੈ। ਇਹਦਾ ਆਪਣਾ ਇਕ ਮੁਹਾਵਰਾ ਹੈ। ਔਰ ਉਸ ਮੁਹਾਵਰੇ ਦੇ ਵਿਚ ਗੱਲ ਜਿਹੜੀ ਐ ਲੋਕਾਂ ਤੱਕ ਪਹੁੰਚਦੀ ਐ। ਇਹ ਭਾਵੇਂ ਸਾਦਾ ਜਿਹਾ ਸਮਾਗਮ ਹੋਵੇ ਮੈਂ ਅੱਜ ਜਿੱਦਾਂ ਹੁਣ ਆਇਆ ਸਾਂ। ਮੇਰੇ ਕਲਾਕਾਰ ਵੀ ਨਾਲ ਨੇ। ਜੇ ਲੋਕ ਮੈਨੂੰ ਕਹਿੰਦੇ ਤਾਂ ਮੈਂ ਅੱਜ ਨਾਟਕ ਕਰ ਦੇਣਾ ਸੀ। ਜਿਹੜਾ ਮੇਰਾ ਆਖਰੀ ਅੱਜ ਦਾ ਨਾਟਕ ਐ, ਪਿਛਲੇ ਹਫ਼ਤੇ ਤੋਂ ਮੈਂ ਕਰ ਰਿਹਾਂ। ਉਸ ਨਾਟਕ ਦਾ ਨਾਂ ਐ—'ਭੰਡ ਮਟਕਾ ਚੌਕ ਗਏ'। ਪੰਜਾਬ ਦੇ ਭੰਡਾਂ ਨੂੰ ਫ਼ਿਕਰ ਪੈ ਗਿਐ ਕਿ ਸਾਡਾ ਜਿਹੜਾ ਜੱਦੀ ਪੇਸ਼ਾ ਸੀ, ਇਹ ਦੋ ਵੱਡੇ ਬੰਦਿਆਂ ਨੇ ਸਾਂਭ ਲਿਐ। ਛੋਟਾ ਭੰਡ ਕਹਿੰਦਾ, "ਇਹ ਦੋ ਬੰਦੇ, ਵੱਡੇ ਬੰਦੇ ਕੌਣ ਨੇ?" ਵੱਡਾ ਭੰਡ ਕਹਿੰਦਾ, "ਇਕ ਗਿੱਦੜਬਾਹੇ ਦਾ ਸਰਦਾਰ ਐ, ਇਕ ਪਟਿਆਲੇ ਦਾ ਸਰਦਾਰ ਐ। ਇਹ ਦੋਵੇਂ...ਕਾਰਟੂਨ ਨੇ। ਇਹ ਆਪੋ ਵਿੱਚੀਂ ਲੜਦੇ ਨੇ। ਕਾਰਟੂਨ ਇਹਨਾਂ ਦੇ ਆਉਂਦੇ ਨੇ, ਇਹ ਪੰਜ ਸਾਲ ਤੋਂ ਇਹਨਾਂ ਨੇ ਉਹ ਤਮਾਸ਼ਾ ਚਲਾਇਐ— ਓ ਮੈਂ ਤੈਨੂੰ ਜੇਲ੍ਹ ਭੇਜ ਦਿਆਂਗਾ। ਚੱਕੀ ਪਿਸਵਾ ਦਿਆਂਗਾ। ਤੂੰ ਚੋਰ ਏਂ। ਇਹ ਦੋਵੇਂ ਇਕ ਦੂਜੇ ਨੂੰ ਚੋਰ ਕਹਿੰਦੇ ਆ, ਭਾਵੇਂ ਵਿਸਾਖੀ ਦਾ ਮੇਲਾ ਹੋਵੇ, ਤਲਵੰਡੀ ਦਾ ਮੇਲਾ ਹੋਵੇ, ਭਾਵੇਂ ਕੋਈ ਜਗ੍ਹਾ ਹੋਵੇ। ਉਥੇ ਇਹ ਦੋਵੇਂ ਐਂ ਧੂਤੂ ਲਾ ਕੇ। ਲੋਕਾਂ ਦਾ ਕੀ ਬਣੇਗਾ? ਇਹਦੇ ਬਾਰੇ ਕੋਈ ਨਹੀਂ ਬੋਲਦੇ। ਲੋਕਾਂ ਦੇ ਬਾਰੇ ਇਹ ਨਹੀਂ ਬੋਲਦੇ।"


ਔਰ ਮੈਂ ਇਹ ਤੁਹਾਨੂੰ ਪੂਰੀ ਤਰ੍ਹਾਂ ਸੁਨੇਹਾ ਦੇਣਾ ਚਾਹਨਾਂ ਆਂ ਤੁਸੀਂ ਆਹ ਬੈਠੇ ਹੋ, ਅੱਜ ਅਹਿਦ ਕਰ ਲਿਐ ਕਿ ਇਹ ਜ਼ਿੰਦਗੀ ਬਦਲਾਣੀ ਐ। ਔਰ ਮਿਹਨਤ ਕਰਨ ਵਾਲੇ ਲੋਕਾਂ ਨੂੰ ਉਹਨਾਂ ਦਾ ਹਿੱਸਾ ਦੁਆਉਣਾ ਹੈ। ਭਾਵੇਂ ਉਹ ਕਿਸਾਨ ਹੋਣ, ਖੇਤ ਮਜ਼ਦੂਰ ਹੋਣ, ਫੈਕਟਰੀ ਮਜ਼ਦੂਰ ਹੋਣ, ਕਲਮਾਂ ਦੇ ਕਾਮੇ ਹੋਣ, ਉਹ ਦਫ਼ਤਰਾਂ ਵਿਚ ਕੰਮ ਕਰਨ ਵਾਲੇ ਹੋਣ। ਉਹਨਾਂ ਨੂੰ ਇਸ ਸਾਰੀ ਕੈਪੀਟਲ ਦਾ ਵੱਡਾ ਹਿੱਸਾ ਐ। ਇਹ ਖਾ ਗਏ, ਸਭ ਕੁਝ ਖਾ ਗਏ ਨੇ, ਕਰੋੜਾਂ। ਇਹ ਨਹੀਂ ਕੋਈ ਛੋਟੀ-ਮੋਟੀ ਰਕਮ ਐ। ਕਰੋੜਾਂ ਖਾ ਗਏ ਨੇ। ਔਰ ਫਿਰ ਪੈਸੇ ਦੀ ਮਦਦ ਨਾਲ ਤੁਹਾਡੇ ਚੁਣੇ ਹੋਏ ਨੁਮਾਇੰਦੇ ਹੋ ਜਾਂਦੇ ਨੇ। ਫਿਰ ਆਪਣੀਆਂ ਤਸਵੀਰਾਂ ਲਾਂਦੇ ਨੇ ਕਿ ਦੇਸ਼ ਦਾ ਵੱਡਾ ਫਰਮਾਦਾਰ ਇਹ ਐ। ਓਏ ਇਹ ਕੀ ਐ? ਜੀਹਨੇ ਕਦੀ ਜ਼ਿੰਦਗੀ ਵਿਚ ਲੋਕਾਂ ਦੀ ਗੱਲ ਕਦੇ ਨਾ ਕੀਤੀ ਹੋਵੇ ਉਹ ਦੇਸ਼ ਦਾ ਫਰਮਾਦਾਰ ਔਰ ਦੇਸ਼ ਦਾ ਪਿਆਰਾ ਬਣ ਜਾਂਦੈ। ਇਹ ਪੈਸਾ ਸਾਰਾ। ਉਸ ਪੈਸੇ ਦੀ ਜਕੜ ਨੂੰ ਖ਼ਤਮ ਕਰਨੈਂ। ਇਸ ਲੋਕ-ਸ਼ਕਤੀ ਨਾਲ। ਇਸ ਲੋਕ-ਸ਼ਕਤੀ ਨਾਲ। *ਔਰ ਇਹ ਲੋਕ-ਸ਼ਕਤੀ ਉਦੋਂ ਬਣੇਗੀ ਜਦੋਂ ਇਹ ਮੇਰੀਆਂ ਭੈਣਾਂ ਐਨ ਮਰਦਾਂ ਦੇ ਬਰਾਬਰ ਮੋਢੇ ਨਾਲ ਮੋਢਾ ਲਾ ਕੇ ਖਲੋਣਗੀਆਂ।* ਇਹਨਾਂ ਨੇ ਤੁਹਾਡਾ ਸਾਥ ਦੇਣਾ ਹੈ। ਸੋ ਜਿਹੜੇ ਲੋਕ-ਸੰਗਰਾਮੀਏ ਨੇ, ਉਹਨਾਂ ਨੂੰ ਮੇਰੀ ਇਸ ਤਾਕਤ ਦਾ ਖ਼ਿਆਲ ਰੱਖਣਾ ਚਾਹੀਦੈ। ਸੋਹਣੇ ਘਰ ਬਣਾਈਏ,

# ਜ਼ਿੰਦਗੀ ਦੇ ਪੜਾਅ












# ਜ਼ਿੰਦਗੀ ਦੇ ਪੜਾਅ







ਸੋਹਣੇ ਟੱਬਰ ਬਣਾਈਏ। ਟੱਬਰਾਂ ਦੇ ਨਾਲ ਇਕੱਠੇ ਬੈਠ ਕੇ ਰੋਟੀ ਖਾਈਏ। ਟੱਬਰਾਂ ਦੇ ਦੁਖ-ਸੁਖ ਨੂੰ ਪੁੱਛੀਏ। ਇਕ ਦੂਜੇ ਨਾਲ ਪਿਆਰ... ...ਦੁਨੀਆਂ ਦਾ। ਇਕ ਮਾਡਲ ਐ ਇੱਕੀਵੀਂ ਸਦੀ ਉਹ ਮਾਡਲ ਸਾਡੇ ਬੁੱਧੀਜੀਵੀ ਜਾਣਦੇ ਨੇ। ਮੈਂ ਹੁਣ ਬੁੱਧੀਜੀਵੀਆਂ ਦਾ ਇਕ ਸੰਗਰਾਮ ਜਿਹੜਾ ਹੁਣ ਸ਼ੁਰੂ ਕਰਨਾ ਹੈ। ਸ਼ਹੀਦੇ-ਆਜ਼ਮ ਭਗਤ ਸਿੰਘ ਦਾ ਜਨਮ ਦਿਹਾੜਾ 2007 ਵਿਚ ਆ ਰਿਹਾ ਹੈ। ਪ੍ਰੋਫੈਸਰ ਜਗਮੋਹਨ ਸਿੰਘ ਹੋਰਾਂ ਨਾਲ ਮੈਂ ਇਹ ਡਿਸਕਸ਼ਨ ਕੀਤੀ ਐ ਕਿ ਅਸੀਂ ਬੁੱਧੀਜੀਵੀ ਇਕ ਤਾਕਤ ਬਣੀਏ। ਸਿਰ ਜੋੜ ਕੇ ਬੈਠੀਏ, ਆਪਣੀ ਗੱਲ ਸੋਚੀਏ ਤੇ ਫਿਰ ਬਿਆਨ ਦੇਈਏ। ਉਸ ਬਿਆਨ ਦੀ ਇਸ ਤਾਕਤ ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਜਿਹੜੀ 2007 ਵਿਚ ਦੋ ਸਾਲ ਰਹਿ ਗਏ ਨੇ ਜਾਂ ਡੇਢ ਸਾਲ ਰਹਿ ਗਿਆ ਹੁਣ ਉਸ ਦੇ ਲਈ ਅਸੀਂ ਇਕ ਨਵਾਂ ਸੰਗਰਾਮ ਸ਼ੁਰੂ ਕਰਨਾ ਹੈ। ਔਰ ਮੈਨੂੰ ਪਤਾ ਹੈ ਕਿ ਤੁਸੀਂ ਸਾਰੇ ਸਾਥ ਦਿਓਗੇ। ਦੂਜੀ ਗੱਲ, ਸਾਹਿਤ ਦੀ ਕਿੰਨੀ ਤਾਕਤ ਹੁੰਦੀ ਐ, ਇਹ ਮੈਨੂੰ ਪਿਛਲੇ ਹਫ਼ਤੇ ਲੁਧਿਆਣੇ ਦੇ ਮਿੱਤਰਸੈਨ ਮੀਤ ਨਾਵਲਲਿਸਟ ਨੇ, ਉਹਨਾਂ ਦਾ ਨਾਵਲ ਪੜ੍ਹਨ ਲਈ ਮਿਲਿਆ— 'ਸੁਧਾਰ ਘਰ"। ਜੇਲ੍ਹਾਂ ਦੀ ਜ਼ਿੰਦਗੀ ਦੇ ਬਾਰੇ। ਜਦੋਂ ਮੈਂ ਨਾਵਲ ਪੜ੍ਹਿਆ, ਹਾਲਾਂ ਕਿ ਮੈਂ ਸਾਰੀ ਦੁਨੀਆਂ ਦੀ ਜੇਲ੍ਹ ਦੀ ਲਾਈਫ 'ਤੇ ਨਾਵਲ ਪੜ੍ਹੇ ਨੇ। ਪਰ ਉਹ ਨਾਵਲ ਜਦੋਂ ਆਇਐ, ਮੇਰੇ ਰੌਂਗਟੇ ਖੜ੍ਹੇ ਹੋ ਗਏ ਨੇ, ਕਿ ਜੇਲ੍ਹਾਂ ਦੇ ਵਿਚ ਇਹ ਜ਼ੁਲਮ! ਇਹ ਜ਼ੁਲਮ ਹੁੰਦੈ? ਇਹ ਵਾਰਡਨ 10-10 ਰੁਪਏ ਲੈ ਕੇ ਕੈਦੀਆਂ ਦੀਆਂ ਜ਼ਿੰਦਗੀਆਂ ਨੂੰ ਜਿਹਨਾਂ ਨੇ ਕਈ ਵਾਰੀ ਕੋਈ ਗੁਨਾਹ ਨਹੀਂ ਕੀਤਾ ਹੁੰਦਾ, ਐਵੇਂ ਜੇਲ੍ਹ ਭੇਜ ਦਿੱਤੇ ਗਏ ਹੁੰਦੇ ਨੇ, ਉਹਨਾਂ ਨਾਲ ਇਹ ਸਲੂਕ ਹੁੰਦੈ? ਔਰ ਮੈਨੂੰ ਮਾਣ ਹੋਇਐ ਕਿ ਮਿੱਤਰ ਸੈਨ ਮੀਤ ਨੇ ਉਹ 'ਸੁਧਾਰ ਘਰ' ਨਾਵਲ ਲਿਖ ਕੇ ਇਸ ਸਿਸਟਮ ਦੀਆਂ ਧੱਜੀਆਂ ਉਡਾ ਦਿੱਤੀਆਂ ਨੇ। ਇਸ ਸਿਸਟਮ ਦੀਆਂ ਧੱਜੀਆਂ ਉਡਾ ਦਿੱਤੀਆਂ ਨੇ। ਨਾਂ ਦਿੱਤਾ ਜੇਲ੍ਹਾਂ ਦਾ ਸੁਧਾਰ ਕਰ ਰਹੇ ਹਾਂ। ਮਹਾਰਾਜਾ ਪਟਿਆਲਾ ਵੀ ਬੋਲਦਾ, ਉਹ ਵੀ ਬੋਲਦਾ, ਉਹ ਵੀ ਬੋਲਦਾ ਕਿ ਜੇਲ੍ਹ 'ਸੁਧਾਰ ਘਰ' ਹੋਣਗੇ। ਇਹ ਕਿਹੋ ਜਿਹੇ ਸੁਧਾਰ ਘਰ ਹੋਣਗੇ, ਇਹ ਉਹ ਨਾਵਲ ਪੜ੍ਹ ਕੇ ਪਤਾ ਲੱਗਦੈ! ਉਹ ਵੱਡੇ ਵਕੀਲ ਨੇ, ਉਹਨਾਂ ਨੇ ਸਾਰੀ ਰਿਸਰਚ ਕਰਕੇ ਉਹ ਨਾਵਲ ਲਿਖਿਐ।

***ਮੈਂ ਸਮਝਨਾਂ ਕਿ ਇਸ ਵੇਲੇ ਮਿਹਨਤਕਸ਼ ਲੋਕਾਂ ਦੀ ਤਾਕਤ ਐ, ਇਸ ਵੇਲੇ ਬੁੱਧੀਜੀਵੀਆਂ ਦੀ ਤਾਕਤ ਐ। ਇਸ ਵੇਲੇ ਲੇਖਕਾਂ, ਨਾਵਲਕਾਰਾਂ, ਨਾਟਕਕਾਰਾਂ, ਕਵੀਆਂ ਦੀ ਤਾਕਤ ਐ। ਇਹ ਸਾਰੀ ਤਾਕਤ ਇਕੱਠੀ ਹੋਏਗੀ।***

ਇਹ ਮੇਰੇ ਨੌਜੁਆਨ ਅਮੋਲਕ ਸਿੰਘ ਹੋਰੀਂ ਹੋਏ, ਜਸਪਾਲ ਜੱਸੀ ਹੋਰੀਂ ਹੋਏ, ਇਸ ਲਹਿਰ ਦੀ ਅਗਵਾਈ ਕਰ ਰਹੇ ਨੇ। ***ਹੁਣ ਤਾਕਤ ਵਧੇਗੀ।*** ਤੁਹਾਡਾ ਇਹ ਸਨਮਾਨ ਦੇਣ ਲਈ, ਸਨਮਾਨ ਸਮਾਗਮ ਦੇਖਣ ਲਈ ਆਏ, ਤੁਹਾਡਾ ਬਹੁਤ-ਬਹੁਤ ਧੰਨਵਾਦ।